# CONCERNS AND TECHNIQUES OF GURSHARAN SINGH'S PLAYS

(BASED ON THE PLAYS 'KAMMIA DA VEHDA', 'NAWAN JANAM, & 'SAVER DI LOW')

# ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਸਰੋਕਾਰ ਅਤੇ ਤਕਨੀਕਾਂ

('ਕੰਮੀਆਂ ਦਾ ਵਿਹੜਾ', 'ਨਵਾਂ ਜਨਮ' ਅਤੇ 'ਸਵੇਰ ਦੀ ਲੋਅ' ਨਾਟਕ ਦੇ ਆਧਾਰ 'ਤੇ )

ਸੁਖਦੀਪ ਕੌਰ (Sukhdeep Kaur) ਡਾ.ਗੁਰਪ੍ਰੀਤ ਕੌਰ (Dr. Gurpreet Kaur)
ਖੋਜਾਰਥੀ (Research Scholar) ਨਿਗਰਾਨ (Research Supervisor)
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ (ਪੰਜਾਬ)
Email ID: sktalwandi81@gmail.com ਮੋਬਾਈਲ: +91- 75894-60566

**ABSTRACT**

*ਗੁਰਸ਼ਰਨ ਸਿੰਘ ਤੀਸਰੀ ਪੀੜ੍ਹੀ ਦਾ ਪ੍ਰਮੁੱਖ ਨਾਟਕਕਾਰ ਹੈ। ਉਸ ਨੇ ਦਰਜਨਾਂ ਨਾਟਕ ਲਿਖੇ ਆਮ ਲੋਕਾਂ ਦੀ ਗੱਲ ਨੂੰ ਉਹ ਪ੍ਰਾਇਮਰੀ ਪੱਧਰ ਤੇ ਰੱਖਦੇ ਹਨ। ਉਸ ਨੇ ਆਪਣੇ ਨਾਟਕਾਂ ਵਿੱਚ ਸਮਾਜਿਕ ਨਾ ਬਰਾਬਰੀ, ਦਲਿਤ ਵਰਗ ਦਾ ਸ਼ੋਸ਼ਣ, ਔਰਤਾਂ ਦਾ ਸ਼ੋਸ਼ਣ, ਭ੍ਰਿਸ਼ਟਾਚਾਰ ਧਾਰਮਿਕ ਰੂੜੀਆਂ ਦਾ ਬਹੁਪੱਖੀ ਅਤੇ ਵਿਸਤ੍ਰਿਤ ਚਿਤਰਨ ਨਾਟਕ ਲਿਖਣ ਅਤੇ ਨਿਰਦੇਸ਼ਕ ਰਾਹੀਂ ਕੀਤਾ ਹੈ। ਉਸ ਨੇ ਪੰਜਾਬੀ ਨਾਟਕਾਂ ਰਾਹੀਂ ਦੱਬੇ ਕੁਚਲੇ ਲੋਕਾਂ, ਔਰਤਾਂ, ਮਜ਼ਦੂਰਾਂ, ਕਿਸਾਨਾਂ ਆਦਿ ਦੇ ਦਿਮਾਗਾਂ ਨੂੰ ਟੁੰਬਿਆ ਅਤੇ ਜ਼ੁਲਮ ਵਿਰੁੱਧ ਲੜਨ ਲਈ ਤਤਪਰ ਤਿਆਰ ਕੀਤਾ। ਉਸ ਨੇ ਆਪਣੇ ਨਾਟਕਾਂ ਵਿੱਚ ਸਸਤੀ ਅਤੇ ਘੱਟ ਸਮੱਗਰੀ ਦੀ ਵਰਤੋਂ ਨਾਲ ਸਮੇਂ ਅਨੁਸਾਰ ਢੁਕਵੀਆਂ ਤਕਨੀਕਾਂ ਦੀ ਵਰਤੋ ਕੀਤੀ ਹੈ। ਉਸ ਨੇ ਆਪਣੇ ਨਾਟਕ ਦੀਆਂ ਨਾਇਕ/ਨਾਇਕਾਵਾਂ ਨੂੰ ਆਦਰਸ਼ਵਾਦੀ ਢੰਗ ਨਾਲ ਜੇਤੂ ਕਰਾਰ ਦਿੱਤਾ ਹੈ। ਗੁਰਸ਼ਰਨ ਸਿੰਘ ਨੇ ਵਿਚਾਰ ਅਧੀਨ ਨਾਟਕਾਂ ਵਿੱਚ ਸਾਡੇ ਸਾਹਮਣੇ ਦਲਿਤ ਸਮਾਜ ਦਾ ਜੋ ਚਿੱਤਰ ਪੇਸ਼ ਕੀਤਾ ਹੈ, ਉਹ ਵਰਗ ਵਿੱਦਿਅਕ ਚੇਤਨਾ ਰਾਹੀਂ ਜਾਗਰੂਕ ਹੋ ਚੁੱਕਿਆ ਹੈ ਅਤੇ ਦਲਿਤ ਔਰਤਾਂ ਹੋਣੀ ਨੂੰ ਨਹੀਂ ਕਬੂਲਦੀਆਂ ਹਨ। ਉਹ ਖਲਨਾਇਕ ਧਿਰ ਦਾ ਮਾੜੀ ਤੋਂ ਮਾੜੀ ਸਥਿਤੀ 'ਚ ਵੀ ਡਟ ਕੇ ਮੁਕਾਬਲਾ ਅਤੇ ਅੰਤ ਕਰਦੀਆਂ ਹਨ। ਦਲਿਤ ਵਰਗ ਦੀ ਨਵੀਂ ਪੀੜ੍ਹੀ ਗ਼ਰੀਬੀ, ਬੇਰੁਜ਼ਗਾਰੀ, ਰਾਜਨੀਤਿਕ ਭ੍ਰਿਸ਼ਟਾਚਾਰ ਅਤੇ ਉੱਚ ਵਰਗ ਨਾਲ ਸਿੱਧੀ ਟੱਕਰ ਲੈ ਰਹੀ ਹੈ ਅਤੇ ਪੁਰਾਣੀ ਪੀੜ੍ਹੀ ਨੂੰ ਜਾਗਰੂਕ ਕਰ ਰਹੀ ਹੈ। ਨਾਟਕਕਾਰ ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਤਕਨੀਕਾਂ ਦੀ ਵਰਤੋਂ ਬਾਖ਼ੂਬੀ ਕੀਤੀ ਹੈ। ਅਖਾਣਾਂ, ਮੁਹਾਵਰੇ ਅਤੇ ਪੇਂਡੂ ਭਾਸ਼ਾ ਪਾਠਕਾਂ ਅਤੇ ਦਰਸ਼ਕਾਂ ਦੇ ਦਿਮਾਗਾਂ ਨੂੰ ਕੀਲ ਕੇ ਰੱਖਦੀਆਂ ਹਨ। ਉਸ ਨੇ ਪੁਰਾਣੀ ਪੀੜ੍ਹੀ ਅਤੇ ਨਵੀਨ ਪੀੜ੍ਹੀ ਦੇ ਸੰਘਰਸ਼ ਨੂੰ ਵਿਸ਼ੇ ਅਤੇ ਤਕਨੀਕਾਂ ਪੱਖੋਂ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।*

***ਕੀ ਵਰਡ : ਦਲਿਤ ਵਰਗ, ਵਿੱਦਿਅਕ ਚੇਤਨਾ, ਨਾਰੀ ਚੇਤਨਾ, ਗ਼ਰੀਬੀ, ਰਾਜਨੀਤਿਕ ਭ੍ਰਿਸ਼ਟਾਚਾਰ, ਨਾਟਕੀ ਤਕਨੀਕਾਂ।***

ਗੁਰਸ਼ਰਨ ਸਿੰਘ ਪੰਜਾਬੀ ਦਾ ਮਹੱਤਵਪੂਰਨ ਰੰਗਕਰਮੀ ਅਤੇ ਨਾਟਕਕਾਰ ਹੈ। ਗੁਰਸ਼ਰਨ ਸਿੰਘ ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਜਿਸ ਵਿੱਚ ਆਤਮਜੀਤ, ਅਜਮੇਰ ਔਲਖ ਚਰਨਦਾਸ ਸਿੱਧੂ ਵਰਗੇ ਨਾਟਕਕਾਰ ਦਾ ਸਮਕਾਲੀ ਸੀ ਪਰ ਪੇਂਡੂ ਰੰਗਮੰਚ ਅਤੇ ਨਾਟਕਾਂ ਦੀ ਭਾਵ ਵਸਤੂ ਕਾਰਨ ਇਸ ਨੂੰ ਬਾਕੀ ਦੇ ਸਾਰੇ ਨਾਟਕਕਾਰਾਂ ਤੋਂ ਵੱਧ ਮਾਨਤਾ ਮਿਲੀ। ਗੁਰਸ਼ਰਨ ਸਿੰਘ ਦਾ ਜਨਮ ਮੁਲਤਾਨ (ਪਾਕਿਸਤਾਨ) ਵਿਖੇ ਆਰਥਿਕ ਪੱਖੋਂ ਖ਼ੁਸ਼ਹਾਲ ਪਰਿਵਾਰ ਵਿੱਚ ਹੋਇਆ ਉਸ ਨੇ ਆਪਣੇ ਨਾਟਕਾਂ ਵਿੱਚ ਸਮਾਜਿਕ ਨਾ ਬਰਾਬਰੀ, ਦਲਿਤ ਵਰਗ ਦਾ ਸ਼ੋਸ਼ਣ, ਔਰਤਾਂ ਦਾ ਸ਼ੋਸ਼ਣ, ਭ੍ਰਿਸ਼ਟਾਚਾਰ ਧਾਰਮਿਕ ਰੂੜੀਆਂ ਦਾ ਬਹੁਪੱਖੀ ਅਤੇ ਵਿਸਤ੍ਰਿਤ ਚਿਤਰਨ ਨਾਟਕ ਲਿਖਣ ਅਤੇ ਨਿਰਦੇਸ਼ਕ ਰਾਹੀਂ ਕੀਤਾ ਹੈ। ਬੇਸ਼ੱਕ ਗੁਰਸ਼ਰਨ ਸਿੰਘ ਨੇ ਦਰਜਨਾਂ ਨਾਟਕਾਂ ਦੀ ਸਿਰਜਨਾ ਅਤੇ ਮੰਚਨ ਕੀਤਾ, ਪਰ ਹਥਲੇ ਪਰਚੇ ਦੀ ਸੀਮਾ ਕਾਰਨ ਉਸ ਦੇ ਤਿੰਨ ਨਾਟਕ 'ਕੰਮੀਆਂ ਦਾ ਵਿਹੜਾ', 'ਨਵਾਂ ਜਨਮ' ਅਤੇ 'ਸਵੇਰ ਦੀ ਲੋਅ' ਨੂੰ ਹੀ ਅਧਿਐਨ ਕੇਂਦਰ ਬਣਾਇਆ ਹੈ। ਹਥਲੇ ਪਰਚੇ ਦਾ ਮੂਲ ਪ੍ਰਯੋਜਨ ਗੁਰਸ਼ਰਨ ਸਿੰਘ ਦੇ ਉਕਤ ਨਾਟਕਾਂ ਦੇ ਸਰੋਕਾਰ ਅਤੇ ਦਾ ਤਕਨੀਕ ਦਾ ਅਧਿਐਨ ਵਿਸ਼ਲੇਸ਼ਣ ਕਰਨਾ ਹੈ।

ਕਿਸੇ ਵੀ ਸਾਹਿਤ ਰਚਨਾ ਵਿੱਚ ਸਭ ਤੋਂ ਪਹਿਲਾਂ ਇਹ ਸਮਝਿਆ ਜਾਂਦਾ ਹੈ ਕਿ ਕਿਹੜੀ ਭਾਵਨਾ ਕਾਰਜਗਤ ਹੈ, ਇਸ ਲਈ ਜਦੋਂ ਅਸੀਂ ਸਾਹਿਤਕ ਰਚਨਾ ਵਿੱਚ ਪੇਸ਼ ਭਾਵਨਾ ਨੂੰ ਉਜਾਗਰ ਕਰਨ ਦੀ ਕੋਸ਼ਿਸ਼ਾਂ ਕਰਦੇ ਹਾਂ ਤਾਂ ਉਸ ਸਮੇਂ ਇਹ ਵੀ ਸਮਝਣ ਦਾ ਯਤਨ ਕਰਦੇ ਹਾਂ ਕਿ ਉਸ ਭਾਵਨਾ ਦਾ ਸੰਬੰਧ ਕਿਸ ਨਾਲ ਹੈ ? ਸਾਹਿਤਕ ਕ੍ਰਿਤ ਵਿੱਚ ਪੇਸ਼ ਭਾਵਨਾ ਅਤੇ ਉਸ ਭਾਵਨਾ ਨਾਲ ਸੰਬੰਧਿਤ ਧਿਰ ਆਪਸ ਵਿੱਚ ਜੁੜੇ ਹੁੰਦੇ ਹਨ, ਜੋ ਸਾਹਿਤਕ ਰਚਨਾ ਦੇ ਸਰੋਕਾਰ ਹੁੰਦੇ ਹਨ।

ਨਾਟਕਕਾਰ ਮਨੁੱਖੀ ਜੀਵਨ ਵਿੱਚੋਂ ਵਿਸ਼ਿਆਂ ਦੀ ਤਲਾਸ਼ ਕਰਕੇ ਸਮਾਜਿਕ ਚੇਤਨਾ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਪੀੜਤ ਸ਼੍ਰੇਣੀ ਦੀਆਂ ਸੱਧਰਾਂ, ਖ਼ਾਹਿਸ਼ਾਂ, ਉਮੰਗਾਂ ਮਨੋਸਥਿਤੀਆਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ਾਂ ਕੀਤੀ ਹੈ। ਉਹ ਲੋਕਾਂ ਦੇ ਸ਼ੋਸ਼ਣ ਦੇ ਕਾਰਨਾਂ ਦੀ ਭਾਲ ਕਰਕੇ ਪੀੜਤ ਸ਼੍ਰੇਣੀ ਵਿੱਚ ਚੇਤਨਾ ਪੈਦਾ ਕਰਨ ਵਿੱਚ ਯਕੀਨ ਰੱਖਦਾ ਸੀ। ਦਲਿਤ ਸਮਾਜਿਕ, ਰਾਜਨੀਤਿਕ, ਆਰਥਿਕ ਆਦਿ ਪੱਧਰ ਤੇ ਵਿੱਦਿਆ ਰਾਹੀਂ ਆਈ ਚੇਤਨਾ ਤਹਿਤ ਉੱਚਾ ਰੁਤਬਾ ਹਾਸਲ ਕਰ ਰਹੇ ਹਨ। ਇਸ ਵਿੱਚ 'ਕੰਮੀਆਂ ਦਾ ਵਿਹੜਾ', 'ਨਵਾਂ ਜਨਮ' ਅਤੇ 'ਸਵੇਰ ਦੀ ਲੋਅ' ਨਾਟਕ ਵਿਚਾਰਨਯੋਗ ਹਨ।

ਵਿੱਦਿਅਕ ਚੇਤਨਾ ਦੇ ਆਧਾਰ ਤੇ 'ਕੰਮੀਆਂ ਦਾ ਵਿਹੜਾ' ਇੱਕ ਵਿਸ਼ੇਸ਼ ਨਾਟਕ ਹੈ। ਨਾਟਕ ਵਿਚਲਾ ਪਾਤਰ ਜੱਗਾ ਆਪਣੀ ਜਾਤ ਤੇ ਹੋ ਰਹੇ ਸਮਾਜਿਕ, ਆਰਥਿਕ ਅਤੇ ਔਰਤਾਂ ਦੇ ਸਰੀਰਕ ਸ਼ੋਸ਼ਣ ਸੰਬੰਧੀ ਸਭ ਨੂੰ ਜਾਣੂ ਕਰਵਾਉਂਦਾ ਹੈ। ਨਾਟਕ ਵਿੱਚ ਜੱਗਾ ਸਿੰਘ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੈ ਅਤੇ ਇਸ ਪ੍ਰਤੀ ਉਹ ਦੂਸਰਿਆਂ ਨੂੰ ਵੀ ਜਾਗਰੂਕ ਕਰਦਾ ਹੈ। ਸੁੱਚਾ ਸਿੰਘ ਜੋ ਜੱਗੇ ਨੂੰ ਆਪਣਾ ਗ਼ੁਲਾਮ ਸਮਝਕੇ ਉਸ ਤੋਂ ਸ਼ਰਾਬ ਵੇਚਣ ਦਾ ਧੰਦਾ ਕਰਵਾਉਂਦਾ ਹੈ ਇਸ ਗੱਲ ਤੋਂ ਅਨਜਾਣ ਹੈ ਕਿ ਦਲਿਤ ਵਰਗ ਵਿੱਦਿਅਕ ਚੇਤਨਾ ਰਾਹੀਂ ਆਪਣੇ ਹੱਕਾਂ ਤੋਂ ਜਾਣੂ ਹੋ ਚੁੱਕਿਆ ਹੈ ਇਸ ਲਈ ਜੱਗਾ ਆਪਣੇ ਆਰਥਿਕ ਸ਼ੋਸ਼ਣ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਆਪਣਾ ਰੀਕਾਡਾਂ ਦਾ ਕੰਮ ਸ਼ੁਰੂ ਕਰ ਲੈਂਦਾ ਹੈ ਜੋ ਸੁੱਚਾ ਸਿੰਘ ਨੂੰ ਰਾਸ ਨਹੀਂ ਆਉਂਦਾ ਜਿਵੇਂ :-

*ਸੁੱਚਾ ਸਿੰਘ : ਸੁਣਿਆ ਜੱਗੇ ਨੇ ਰੀਕਾਡਾਂ ਦਾ ਕੰਮ ਸ਼ੁਰੂ ਕਰ ਲਿਆ।*

*ਜਗੀਰ : ਆਹੋ, ਮੈਂ ਭਾਵੇਂ ਨਹੀਂ ਸਾਂ ਚਾਹੁੰਦਾ ਕਿ ਉਹ ਇਹ ਕੰਮ ਕਰੇ ਪਰ ਉਹਨੇ ਮੇਰੀ ਨਹੀਂ ਮੰਨੀ।*

*ਸੁੱਚਾ ਸਿੰਘ : ਰੀਕਾਡਾਂ ਵਾਲੇ ਕੰਮ ਵਿੱਚੋਂ ਭਲਾ ਕੀ ਨਿਕਲਣਾ ਏ, ਉਹਨੂੰ ਕਹਿ ਕੰਮ ਤੇ ਵਾਪਸ ਆ ਜਾਏ।*

*ਜਗੀਰ : ਆਖ ਤੇ ਦੇਵਾਂਗਾ, ਪਰ ਉਹਨੇ ਮੰਨਣਾ ਨਹੀਂ (ਬਦਲਕੇ) ਸਰਦਾਰਾ ਬੁਰਾ ਨਾ ਮਨਾਈ, ਉਹਦੇ ਨਾਲ ਵਧੀਕੀ ਵੀ ਤੂੰ ਬੜੀ ਕੀਤੀ ਏ।*

*ਸੁੱਚਾ ਸਿੰਘ : ਕੀ ਵਧੀਕੀ ਕੀਤੀ ਏ?*

*ਜਗੀਰ : ਉਹਨੇ ਇਹ ਸਮਝ ਕੇ ਤੇਰੇ ਕੋਲ ਕੰਮ ਕੀਤਾ ਸੀ ਕਿ ਖੇਤੀ ਚ ਕੰਮ ਕਰੇਗਾ। ਸ਼ਰਾਬ ਕੱਢਣ ਲਈ ਜਾ ਸ਼ਰਾਬ ਇੱਧਰ-ਉੱਧਰ ਲਿਜਾਣ ਲਈ ਨਹੀਂ।* [1]

'ਨਵਾਂ ਜਨਮ' ਨਾਟਕ ਸਰਵਮੀਤ ਦੀ ਕਹਾਣੀ ਕਲਿਆਣ ਤੇ ਅਧਾਰਿਤ ਹੈ। ਇਸ ਨਾਟਕ ਵਿਚਲੇ ਪਾਤਰ ਬਲਦੇਵ ਸਿੰਘ (ਬਿੱਲੂ) ਦੀ ਵਿੱਦਿਆ ਪੁਰਾਣੀ ਪੀੜ੍ਹੀ ਲਈ ਪ੍ਰੇਰਨਾ ਸ੍ਰੋਤ ਬਣਦੀ ਹੈ। ਇਸ ਨਾਟਕ ਦਾ ਨਾਇਕ ਸ਼ਿੱਬੂ ਜੋ ਲਾਗਪੁਣੇ ਦਾ ਕੰਮ ਕਰਦਾ ਹੈ ਮੈਕਸਿਮ ਗੋਰਕੀ ਦੇ ਨਾਵਲ ਮਾਂ ਦੀ ਨਾਇਕਾ ਵਾਂਗ ਚੌਗਿਰਦੇ ਤੋਂ ਪ੍ਰਭਾਵਿਤ ਹੋ ਕੇ ਆਪਣੇ ਹੋਏ ਸ਼ੋਸ਼ਣ ਦੇ ਵਿਰੁੱਧ ਚ ਉੱਠ ਖਲੋਂਦਾ ਹੈ ਇਸ ਨਾਟਕ ਵਿੱਚ ਮਾਂ ਦੇ ਪਾਤਰ ਪਵੇਲ ਵਾਂਗ ਨਾਇਕ (ਸ਼ਿੱਬੂ) ਦਾ ਆਪਣਾ ਪੁੱਤਰ ਬਿੱਲੂ ਪ੍ਰੇਰਨਾ ਸ੍ਰੋਤ ਬਣਦਾ ਹੈ। ਅਨੁਸੂਚਿਤ ਜਾਤਾਂ ਦਾ ਉੱਚ ਸ਼੍ਰੇਣੀ ਵੱਲੋਂ ਲਾਗ ਦੇ ਕੇ ਕਿਸ ਤਰ੍ਹਾਂ ਤ੍ਰਿਸਕਾਰ ਕੀਤਾ ਜਾਂਦਾ ਹੈ? ਨਵੀਂ ਪੀੜ੍ਹੀ ਵਿੱਦਿਅਕ ਚੇਤਨਾ ਰਾਹੀਂ ਅਨੁਸੂਚਿਤ ਜਾਤੀ ਦੇ ਪਾਤਰ ਨੂੰ ਤ੍ਰਿਸਕਾਰ ਤੋਂ ਪਿੱਛਾ ਛਡਾਉਣ ਲਈ ਜਾਗ੍ਰਿਤ ਕਰਦੀ ਹੈ। ਇਸ ਦੀ ਉਦਾਹਰਨ ਹੇਠ ਲਿਖੇ ਸੰਵਾਦ 'ਚ ਦੇਖੀ ਜਾ ਸਕਦੀ ਹੈ :-

*ਬਿੱਲੂ : ਨਾ ਬਾਪੂ... ਕਮੀਜ਼ ਤੂੰ ਕਿੱਥੋਂ ਚੁੱਕ ਲਿਆਇਆ ਏ... ਮੈਂ ਨਹੀਂ ਪਾਣ ਦੇਣੀ ਤੈਨੂੰ ?*

*ਸ਼ਿੱਬੂ : ਓਏ ਕੀ ਏ ਏਸ ਕਮੀਜ਼ ਨੂੰ... ਟੈਰਾਲੀਨ ਦੀ ਏ। ਧੋਤੀ ਵੀ ਝੱਟ ਜਾਂਦੀ ਏ, ਮਾਂ ਤੇਰੀ ਦਾ ਕੰਮ ਸੌਖਾਲਾ ਹੋ ਜਾਂਦਾ ਏ। ....*

*ਬਿੱਲੂ : ਇਹ ਤੇਰੀ ਕਮੀਜ਼ ਉਸ ਪ੍ਰੀਤਮ ਸਿੰਘ ਦੀ ਲੱਥੀ ਹੋਈ ਏ ਤੇ ਮੈਂ ਤੈਨੂੰ ਸਰਦਾਰਾਂ ਦਾ ਲੱਥਾ ਹੋਇਆ ਕੱਪੜਾ ਨਹੀਂ ਪਾਉਣ ਦੇਣਾ।*

*ਬਿੱਲੂ : .....ਭਾਪਾ ਇੱਕ ਗੱਲ ਦੋ ਟੁੱਕ ਸੁਣ ਲੈ... ਇਸ ਘਰ ਵਿੱਚ ਨਾ ਕਿਸੇ ਦਾ ਲੱਥਾ ਕੱਪੜਾ ਆਏਗਾ ਅਤੇ ਨਾ ਹੀ ਲਾਗ ਦੀ ਮਠਿਆਈ।* [2]

*ਸ਼ਿੱਬੂ : ਨੀ ਮੇਜੋਂ-ਤੂੰ ਖਾਣੀ ਏ ਕਿ ਨਹੀਂ ?*

*ਬਿੱਲੂ : ਭਾਪਾ ਜਿਹੜੀ ਜੂਠ ਖਾਣੀ ਸੀ ਖਾ ਲਈ... ਹੁਣ ਖਾਵਾਂਗੇ ਭਾਵੇਂ ਸੁੱਕੀ, ਪਰ ਖਾਵਾਂਗੇ ਸੁੱਚੀ।* [3]

ਗੁਰਸ਼ਰਨ ਸਿੰਘ ਨੇ ਔਰਤਾਂ ਦੇ ਪੱਖ'ਚ ਹਮੇਸ਼ਾ ਅਵਾਜ਼ ਉਠਾਈ ਹੈ, ਗੱਲ ਭਾਵੇਂ ਉਹਨਾਂ ਦੀ ਕਿਰਤ ਦਾ ਸ਼ੋਸ਼ਣ ਦੀ ਹੋਵੇ ਭਾਵੇਂ ਮਾਨਸਿਕ, ਸਰੀਰਕ ਸ਼ੋਸ਼ਣ ਦੀ ਹੋਵੇ 'ਤੇ ਔਰਤਾਂ ਨੂੰ ਜੇਤੂ ਅਤੇ ਦਲੇਰ ਨਾਇਕਾਵਾਂ ਦੇ ਤੌਰ ਤੇ ਪੇਸ਼ ਕੀਤਾ। 'ਕੰਮੀਆਂ ਦਾ ਵਿਹੜਾ' ਨਾਟਕ ਵਿੱਚ ਗੁਰਸ਼ਰਨ ਸਿੰਘ ਦਲਿਤ ਔਰਤਾਂ ਦਾ ਸ਼ੋਸ਼ਣ ਪ੍ਰਤੀ ਦਲਿਤ ਵਰਗ 'ਚ ਚੇਤਨਾ ਪੈਦਾ ਕਰਦਾ ਹੈ ਜੋ ਜੱਗਾ ਸਿੰਘ ਅਤੇ ਉਸ ਦੀ ਭਾਬੀ ਵਿਚਕਾਰ ਹੋ ਰਹੇ ਸੰਵਾਦਾਂ ਤੋਂ ਪਤਾ ਚਲਦੀ ਹੈ। ਜਿਵੇਂ :-

*ਜੱਗਾ : ਭਾਬੀ ਮੈਂ ਤਾਂ ਉਸ ਵੇਲੇ ਨਿੱਕਾ ਜਿਹਾ ਹੁੰਦਾ ਸਾਂ-ਪਰ ਮੈਨੂੰ ਯਾਦ ਏ ਭੂਆ ਮੈਨੂੰ ਬੜਾ ਪਿਆਰ ਕਰਦੀ ਸੀ। ਇੱਕ ਦਿਨ ਘਰ ਚ ਰੌਲਾ ਪਿਆ ਸੀ। ਭੂਆ ਸਰਦਾਰਾਂ ਦੇ ਘਰੇ ਕੰਮ ਕਰਨ ਗਈ ਸੀ। ਸਰਦਾਰਾਂ ਦੇ ਮੁੰਡੇ ਨੇ ਤੂੜੀ ਲੈਣ ਗਈ ਨੂੰ ਅੰਦਰ ਤਾੜ ਲਿਆ ਤੇ ਬਾਅਦ 'ਚ ਪਤਾ ਲੱਗਿਆ ਕਿ ਉਹਨੇ ਨਹਿਰ 'ਚ ਛਾਲ ਮਾਰ ਦਿੱਤੀ ਏ।*

*ਬਿਸ਼ਨੀ : ਏਸੇ ਲਈ ਤਾਂ ਮੈਂ ਕਹਿਣੀ ਆਂ ਕਿ ਗੋਹਾ ਕੂੜਾ ਕਰਨ ਵਾਸਤੇ ਹਰ ਘਰ ਵਿੱਚ ਜਾਣਾ ਠੀਕ ਨਹੀਂ।*

*ਜੱਗਾ : ਪਰ ਭਾਬੀ ਹੁਣ ਉਹ ਗੱਲ ਨਹੀਂ- ਤੇ ਉਸ ਵੇਲੇ ਵੀ ਨਹੀਂ ਸੀ- ਚਾਚੇ ਚਰਨੇ ਨੇ ਬਦਲਾ ਲੈ ਲਿਆ ਸੀ- ਸਰਦਾਰਾਂ ਦੇ ਉਸ ਕਿਹਰੇ ਦਾ ਗਲ ਘੁੱਟ ਕੇ ਨਹਿਰ 'ਚ ਸੁੱਟਿਆ ਸੀ। ਤੂੰ ਨਿਸ਼ੰਗ ਹੋ ਕੇ ਜਿੱਥੇ ਮਰਜ਼ੀ ਕੰਮ ਕਰ ਤੇਰੀ ਵਾਅ ਵੱਲ ਕੋਈ ਨਹੀਂ ਵੇਖ ਸਕਦਾ।* [4]

ਸਵੇਰ ਦੀ ਲੋਅ ਨਾਟਕ ਵਿੱਚ ਪਾਤਰ ਰੇਸ਼ਮੋਂ ਦਾ ਇੰਦਰਜੀਤ ਸਰਦਾਰ ਜਿਸ ਦੀ ਜ਼ਮੀਨ ਤੇ ਝੁੱਗੀਆਂ, ਝੌਂਪੜੀਆਂ ਬਣੀਆਂ ਹੋਈਆਂ ਹਨ, ਰਘੂ ਨੂੰ ਅਤੇ ਬਸਤੀ ਦੇ ਲੋਕਾਂ ਨੂੰ ਦੁਕਾਨਾਂ ਢੋਣ ਲਈ ਭੇਜਕੇ ਆਪਣੇ ਗੁੰਡਿਆਂ ਨੂੰ ਚੁੱਕਣ ਭੇਜਦਾ ਹੈ ਤਾਂ ਉਹ ਉਸ ਦਾ ਡਟ ਕੇ ਮੁਕਾਬਲਾ ਕਰਦੀ ਹੈ ਅਤੇ ਆਪਣੀ ਰੱਖਿਆ ਆਪ ਕਰਦੀ ਹੈ। ਇੰਦਰਜੀਤ ਅਤੇ ਰੇਸ਼ਮੋਂ ਵਿਚਲੇ ਸਵਾਦਾ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ :-

*ਇੰਦਰਜੀਤ : ਤੂੰ ਰੇਸ਼ਮੋਂ ਇੱਥੇ ?*

*ਰੇਸ਼ਮੋਂ : ਕਿਉਂ ਮੈਨੂੰ ਨਹੀਂ ਸੀ ਹੋਣਾ ਚਾਹੀਦਾ? ਤੂੰ ਸੋਚਿਆ ਕਿ ਬਸਤੀ ਦੇ ਲੋਕ ਦੁਕਾਨਾਂ ਢਾਹੁਣ ਗਏ ਹੋਣਗੇ। ਤੂੰ ਆਪਣੇ ਗੁੰਡਿਆਂ ਨੂੰ ਕਿਹਾ ਕਿ ਰੇਸ਼ਮੋਂ ਨੂੰ ਚੁੱਕ ਲਿਆਓ, ਪਰ ਤੈਨੂੰ ਨਹੀਂ ਪਤਾ ਸੀ ਕਿ ਲੀਰਾਂ ਚੁੱਕਣ ਵਾਲੀ ਰੇਸ਼ਮੋਂ ਆਪਣੇ ਬੋਰੇ ਵਿੱਚ ਦਾਤਰਾਂ ਵੀ ਰੱਖਦੀ ਹੈ।* [5]

ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਰਾਜਨੀਤੀ 'ਚ ਹੋ ਰਹੇ ਭ੍ਰਿਸ਼ਟਾਚਾਰ ਨੂੰ ਸਿੱਧੇ ਰੂਪ 'ਚ ਨਿਸ਼ਾਨਾ ਬਣਾਇਆ ਹੈ ਆਪਣੇ ਨਾਟਕਾਂ 'ਕੰਮੀਆਂ ਦਾ ਵਿਹੜਾ' ਅਤੇ 'ਸਵੇਰ ਦੀ ਲੋਅ' 'ਚ ਰਾਜਨੀਤਿਕ ਭ੍ਰਿਸ਼ਟਾਚਾਰ ਦਾ ਚਿਤਰਨ ਬਾਖੂਬੀ ਕਰਦਾ ਹੈ ਜਿਸ ਦੇ ਪਾਤਰ ਸੁੱਚਾ ਸਿੰਘ ਅਤੇ ਇੰਦਰਜੀਤ ਸਿੰਘ ਇਸ ਕਰਕੇ ਦਲਿਤ ਵਰਗ ਦੇ ਲੋਕਾਂ ਤੇ ਸ਼ਰੇਆਮ ਅਤਿਆਚਾਰ ਕਰਦੇ ਹਨ ਕਿ ਉਹਨਾਂ ਦੀ ਪਹੁੰਚ ਸਰਕਾਰੇ-ਦਰਬਾਰੇ ਹੈ।

ਗੁਰਸ਼ਰਨ ਸਿੰਘ ਨੇ ਅਨਪੜ੍ਹਤਾ ਨੂੰ ਬਾਖੂਬੀ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ। ਅਨਪੜ੍ਹ ਪਾਤਰਾਂ ਦਾ ਅਗਲੀ ਪੀੜ੍ਹੀ ਹੀ ਉਹਨਾਂ ਦੇ ਹੱਕਾਂ ਤੋਂ ਜਾਣੂ ਕਰਵਾਉਂਦੀ ਹੈ। ਅਨਪੜ੍ਹਤਾ ਕਰਕੇ 'ਕੰਮੀਆਂ ਦਾ ਵਿਹੜਾ' ਦਾ ਪਾਤਰ ਜਗੀਰ ਸੀਰੀ ਦਾ ਕੰਮ ਕਰਦਾ ਹੈ ਅਤੇ ਕਰਜ਼ਾ ਚੁੱਕ ਕੇ ਆਪਣੀ ਭੈਣ ਦਾ ਵਿਆਹ ਕਰਦਾ ਹੈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸੁੱਚਾ ਸਿੰਘ ਦਾ ਕਰਜ਼ਾਈ ਕਰ ਦਿੰਦਾ ਹੈ ਅਤੇ ਸ਼ਿੱਬੂ ਅਨਪੜ੍ਹਤਾ ਕਰਕੇ ਆਪਣੇ ਪੁੱਤਰ ਬਿੱਲੂ ਦਾ ਕਹਿਣਾ ਨਹੀਂ ਮੰਨਦਾ। ਉਸ ਨਾਲ ਲਾਗਪੁਣੇ ਦਾ ਕੰਮ ਨਾ ਛੱਡਣ ਕਰਕੇ ਮਹਾਂਭਾਰਤ ਛੇੜੀ ਰੱਖਦਾ ਹੈ। ਅਖੀਰ ਵਿੱਚ ਉਸ ਨੂੰ ਪੜ੍ਹਾਈ ਦੀ ਕੀਮਤ ਆਪਣੇ ਬੇਟੇ ਬਿੱਲੂ ਤੋਂ ਪਤਾ ਲੱਗਦੀ ਹੈ।

ਉਪਰੋਕਤ ਦੀ ਲੋਅ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰਸ਼ਰਨ ਸਿੰਘ ਨੇ ਨਾਟਕਾਂ ਵਿੱਚ ਦਲਿਤ ਵਰਗ ਦੀ ਨਵੀਂ ਪੀੜ੍ਹੀ ਦੀ ਟੱਕਰ ਵਿਦਿਅਕ ਚੇਤਨਾ ਤਹਿਤ ਉੱਚ ਵਰਗ ਨਾਲ ਦਿਖਾਈ ਹੈ। ਜੋ ਆਰਥਿਕ ਪਾੜਾ ਦਲਿਤ ਔਰਤਾਂ ਦਾ ਸ਼ੋਸ਼ਣ, ਗਰੀਬੀ, ਬੇਰੋਜਗਾਰੀ ਦੇ ਵਿਰੁੱਧ ਹੈ। ਨਵੀਂ ਦਲਿਤ ਪੀੜ੍ਹੀ ਆਪਣੀ ਪੁਰਾਣੀ ਪੀੜ੍ਹੀ ਨੂੰ ਸੇਧ ਦੇ ਰਹੀ ਹੈ ਅਤੇ ਜੁਲਮ ਵਿਰੁੱਧ ਲੜਨ ਲਈ ਚੇਤਨਾ ਭਰ ਰਹੀ ਹੈ।

'ਕੰਮੀਆਂ ਦਾ ਵਿਹੜਾ', 'ਨਵਾਂ ਜਨਮ' ਅਤੇ 'ਸਵੇਰ ਦੀ ਲੋਅ' ਨਾਟਕ ਦੀਆਂ ਤਕਨੀਕਾਂ ਸਾਹਿਤ ਦੀ ਕਿਸੇ ਵੀ ਵਿਧਾ ਦੀ ਸਿਰਜਨਾ ਸਮੇਂ ਲੇਖਕ ਆਪਣੀ ਰਚਨਾ ਵਿੱਚ ਕੁਝ ਨਿਵੇਕਲਾ ਸਿਰਜਨਾ ਦੀ ਕੋਸ਼ਿਸ਼ਾਂ ਕਰਦਾ ਹੈ, ਤਾਂ ਕਿ ਉਸ ਦੀ ਰਚਨਾ ਨੂੰ ਉੱਤਮ ਦਰਜੇ ਦੀ ਕਿਰਤ ਮੰਨਿਆ ਜਾ ਸਕੇ।

ਨਾਟਕ ਦੇ ਤੱਤਾਂ ਨੂੰ ਸੰਗਠਿਤ ਕਰਨ ਵਾਲੀ ਸਮੁੱਚੀ ਯੋਜਨਾਂ ਹੀ ਨਾਟਕ ਦੀ ਤਕਨੀਕ ਹੁੰਦੀ ਹੈ। ਇਸ ਤਰ੍ਹਾਂ ਰੰਗਮੰਚ ਨੂੰ ਅਧਾਰ ਬਣਾ ਕੇ ਨਾਟਕ ਵਿੱਚ ਜੋ ਜੁਗਤਾਂ ਦਰਸ਼ਕਾਂ ਨੂੰ ਘਟਨਾ ਸਮਝਾਉਣ ਲਈ ਵਰਤੀਆਂ ਜਾਂਦੀਆਂ ਹਨ ਇਹਨਾਂ ਨੂੰ ਨਾਟਕ ਤਕਨੀਕਾਂ ਕਹਿੰਦੇ ਹਨ ਜਿਵੇ:-ਅਖਾਣਾਂ, ਮੁਹਾਵਰੇ , ਗੀਤ , ਗਾਲ੍ਹਾਂ , ਮਨਬਚਨੀ ਸਮਗਰੀ ਪਾਤਰਾਂ ਦੀ ਵਰਤੋਂ ਆਦਿ।

ਕਿਸੇ ਵੀ ਸਾਹਿਤ ਰਚਨਾ ਵਿੱਚ ਅਖਾਣ ਅਤੇ ਮੁਹਾਵਰੇ ਸੰਬੰਧਤ ਸਮਾਜ ਦੀ ਬਣਤਰ, ਆਰਥਿਕ ਪ੍ਰਣਾਲੀ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਹਲਾਤਾਂ ਦੀ ਕਲਾਤਮਿਕ ਪੇਸ਼ਕਾਰੀ ਕਰਨ ਦੀ ਸਮਰੱਥਾ ਰੱਖਦੇ ਹਨ। ਇਹ ਸੰਖੇਪਤਾ, ਸੰਜਮਤਾ ਨਾਲ ਭਾਸ਼ਾ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਗੁਰਸ਼ਰਨ ਸਿੰਘ ਨੇ ਭਾਸ਼ਾ ਨੂੰ ਪ੍ਰਭਾਵਸ਼ਾਲੀ ਅਤੇ ਆਮ ਲੋਕਾਂ ਦੀ ਸਮਝ ਦੇ ਨੇੜੇ ਦੀ ਬਣਾਉਣ ਲਈ ਥਾਂ-ਥਾਂ ਮੁਹਾਵਰੇ ਅਤੇ ਅਖਾਣਾਂ ਦੀ ਵਰਤੋਂ ਕੀਤੀ ਹੈ ਜਿਵੇਂ :-

*ਬਾਪੂ ਜੀ : ਇੱਜ਼ਤ ਤੇ ਸਤਿਕਾਰ ਸਭ ਕੁਝ ਮਿਲਿਆ—ਸੱਚ ਕਹਿੰਦੇ ਨੇ ਲੋਕ ਕਿ ਬਾਪ ਦਾ ਸਿਰ ਤੇ ਸਾਇਆ ਨਾ ਹੋਵੇ ਤਾਂ ਮੁੰਡੇ ਵਿਗੜ ਜਾਂਦੇ ਨੇ- ਅਖੇ ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ* [6]

*ਬਾਪੂ ਜੀ : ਮੈਨੂੰ ਤਾਂ ਉਦੋਂ ਖ਼ੁਸ਼ੀ ਹੋਵੇਗੀ ਜਦੋਂ ਤੇਰੇ ਗਲੇ ਜੁੱਤੀਆਂ ਦਾ ਹਾਰ ਪਵੇਗਾ—ਪਰ ਤੂੰ ਨਹੀਂ ਸਮਝੇਗਾ ਤੂੰ ਮੂਰਖ ਏ-ਉੱਲੂ ਏ।*

*ਸੁੱਚਾ ਸਿੰਘ : ਉੱਲੂ ਨਹੀਂ ਉੱਲੂ ਦਾ ਪੱਠਾ ਇਸ ਤੋਂ ਇਲਾਵਾ ਚੰਨ ਚਾੜ੍ਹਨਾ, ਛਿੱਤਰ ਪੌਲਾ ਹੋਣਾ ਆਦਿ ਮੁਹਾਵਰਿਆਂ ਦੀ ਵਰਤੋਂ ਕੰਮੀਆਂ ਦੇ ਵਿਹੜੇ 'ਚ ਕੀਤੀ ਗਈ ਹੈ।* [7]

*ਬਿਸ਼ਨੀ : ਮੈਂ ਕਿਹਾ ਤਾਈ ਦੋ ਘੜੀਆਂ ਹੱਸ ਲੈਣ ਦੇ ਸੂ-ਨਹੀਂ ਜਾਂਦਾ ਕਿਤੇ।*

*ਜਗੀਰ : ਆਹੋ ਜਾਣਾ ਕਿੱਥੇ ? ਮੁੜ ਘਿੜਕੇ ਖੋਤੀ ਬੋਹੜ ਥੱਲੇ।* [8]

*ਬਾਪੂ ਜੀ : ਹਰ ਕੋਈ ਮਾਰਦਾ ਏ ਦੇਸ ਭਗਤ ਜਵਾਲਾ ਸਿੰਘ ਦਾ ਮੁੰਡਾ ਬੜਾ ਚੰਨ ਚਾੜ੍ਹ ਰਿਹਾ ਏ। ਘਰ ਦੀ ਕੱਢੀ ਸ਼ਰਾਬ ਤੇ ਫ਼ੀਮ ਵੇਚਕੇ ਦੇਸ ਦੀ ਸੇਵਾ ਕਰ ਰਿਹਾ ਏ।*

*ਸੁੱਚਾ ਸਿੰਘ : ਤੇ ਜੇ ਛਿੱਤਰ ਪੌਲਾ ਮੇਰਾ ਹੋ ਜਾਂਦਾ ਤਾਂ ਤੁਹਾਨੂੰ ਤਸੱਲੀ ਹੋ ਜਾਣੀ ਸੀ।* [9]

ਨਵਾਂ ਜਨਮ ਸਰਵਮੀਤ ਦੇ ਕਹਾਣੀ ਕਲਾਣ ਤੇ ਅਧਾਰਿਤ ਵਿੱਚ ਵੀ ਗੁਰਸ਼ਰਨ ਸਿੰਘ ਨੇ ਮੁਹਾਵਰਿਆਂ ਦੀ ਵਰਤੋਂ ਕੀਤੀ ਏ ਜਿਵੇਂ :-

*ਮੇਜ਼ੋਂ---ਬਿੱਲੂ ਨੇ ਆਖਿਆ ਮੇਰਾ ਭਾਪਾ---ਬੜਾ ਨੱਕ ਚਾੜ੍ਹਿਆ* [10]

*ਇਸ ਤੋਂ ਇਲਾਵਾ ਕੱਚੇ ਧਾਗੇ ਨਾਲ ਬੰਨੀ ਆਉਣਾ, ਰੇੜਕਾ ਪਾਉਣਾ ਟਿੱਡੀਆਂ ਨੂੰ ਪਰ ਲੱਗਣਾ ਆਦਿ ਦੀ ਵਰਤੋਂ ਕੀਤੀ ਗਈ ਹੈ।* [11]

*ਇੰਦਰਜੀਤ : ਓਏ ਸਾਡੀ ਹੀ ਬਿੱਲੀ ਤਾਂ ਸਾਨੂੰ ਹੀ ਮਿਆਉਂ। ਸਾਡੀ ਹੀ ਸ਼ਰਾਬ ਪੀ ਕੇ ਸਾਨੂੰ ਹੀ ਅੱਖਾਂ ਵਿਖਾਉਂਦਾ ਏ।* [12]

ਪੰਜਾਬੀ ਨਾਟਕ ਵਿੱਚ ਪੁਰਾਣੇ ਸਮੇਂ ਤੋਂ ਲੈ ਕੇ ਸਮਕਾਲੀ ਸਮੇਂ ਤੱਕ ਗੀਤਾਂ ਦੀ ਵਰਤੋਂ ਮਿਲਦੀ ਹੈ। ਇਹ ਨਾਟਕ ਦੇ ਸ਼ੁਰੂ, ਨਾਟਕ ਦੇ ਵਿਚਕਾਰ ਅਤੇ ਨਾਟਕ ਦੇ ਅੰਤ ਵਿੱਚ ਹੋ ਸਕਦੀ ਹੈ ਜਾਂ ਨਾਟਕ ਦੇ ਕਾਰਨ ਦੌਰਾਨ ਵਾਰ-ਵਾਰ ਹੋ ਸਕਦੀ ਹੈ। ਇਹ ਗੀਤਾਂ ਨਾਲ ਨਾਟਕੀ ਕਾਰਜ ਨੂੰ ਅੱਗੇ ਤੋਰਿਆ ਜਾ ਸਕਦਾ ਹੈ।

ਇਹ ਗੀਤ ਕਈ ਤਰ੍ਹਾਂ ਦੇ ਹੋ ਸਕਦੇ ਹਨ ਜਿਵੇਂ ਲੋਕ ਗੀਤ, ਹਿੰਦੀ ਗੀਤ ਅਤੇ ਕਈ ਵਾਰ ਨਾਟਕਕਾਰ ਨੇ ਇਹ ਗੀਤ ਨਾਟਕੀ ਕਾਰਨ ਕਰਕੇ ਨਾਟਕਕਾਰ ਆਪ ਲਿਖੇ ਹੁੰਦੇ ਹਨ। ਕੋਰਸ ਦੇ ਰੂਪ ਵਿੱਚ ਵੀ ਗੀਤਾਂ ਦੀ ਵਰਤੋਂ ਹੁੰਦੀ ਹੈ। ਇਹਨਾਂ ਗੀਤਾਂ ਦੀ ਵਰਤੋਂ ਨਾਲ ਨਾਟਕ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਗੁਰਸ਼ਰਨ ਸਿੰਘ ਨੇ 'ਕੰਮੀਆਂ ਦਾ ਵਿਹੜਾ' ਨਾਟਕ ਵਿੱਚ ਪਾਤਰਾਂ ਲਈ ਪ੍ਰੇਰਨਾ ਸ੍ਰੋਤ ਵਜੋਂ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ ਪਾਤਰ ਜੱਗਾ ਦੇ ਮੂੰਹੋਂ ਗਵਾਉਂਦਾ ਹੈ ਜਿਵੇਂ :

*(ਬਿਸ਼ਨੀ ਜਾਂਦੀ ਏ ਤੇ ਜੱਗਾ ਗੀਤ ਗੁਣਗੁਣਾਦਾ ਬਾਹਰ ਜਾਂਦਾ ਹੈ )*

*ਜਿੱਥੇ ਹਾਰ ਮੰਨ ਲਈ ਚਾਵਾਂ ਨੇ.*<br>
*ਜਿੱਥੇ ਕੂੰਜ ਘੇਰ ਲਈ ਕਾਂਵਾਂ ਨੇ,*<br>
*ਜਿੱਥੇ ਅਣਵਿਆਹੀਆਂ ਹੀ ਮਾਵਾਂ ਨੇ,*<br>
*ਜਿੱਥੇ ਧੀਆਂ ਹੌਕੇ ਭਰਦੀਆਂ ਨੇ*<br>
*ਅਸਮਾਨ ਜਫੇਰੇ, ਤੂੰ ਮੱਘਦਾ ਰਹੀਂ-----*[13]

ਨਾਟਕਕਾਰ ਇਹ ਗੀਤ ਨਾਟਕ ਵਿੱਚ ਦੋ ਵਾਰ ਜੱਗਾ ਪਾਤਰ ਤੋ ਗਵਾਉਂਦਾ ਹੈ। ਜਿਵੇਂ :-

*ਜੱਗਾ : ਤੂੰ ਮੱਘਦਾ ਰਹੀਂ ਵੇ ਸੂਰਜਾਂ, ਕੰਮੀਆਂ ਦੇ ਵਿਹੜੇ*

*ਜਗੀਰ : ਓਏ ਜੱਗਿਆ, ਇਹ ਕੋਈ ਨਵਾਂ ਰੀਕਾਟ ਆਇਆ, ਜਿਹਦੇ ਵਿੱਚ ਕੰਮੀਆਂ ਦੇ ਵਿਹੜੇ ਸੂਰਜ ਮੱਘਦਾ ਏ ?*

*ਜੱਗਾ : ਹਾਂ ਬਾਈ, ਸੰਤ ਰਾਮ ਉਦਾਸੀ ਦਾ ਲਿਖਿਆ ਏ (ਗਾਉਂਦਾ ਏ)*

*ਮਾਂ ਧਰਤੀਏ ਤੇਰੀ ਗੋਦ ਨੂੰ,*<br>
*ਚੰਨ ਹੋਰ ਬਥੇਰੇ,*<br>
*ਤੂੰ ਮੱਘਦਾ ਰਹੀਂ ਵੇ ਸੂਰਜਾਂ,*<br>
*ਕੰਮੀਆਂ ਦੇ ਵਿਹੜੇ,*<br>
*ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ*<br>
*ਜਿੱਥੇ ਨਾਲ ਤਰਸਦੇ ਕੰਘੀਆਂ ਨੂੰ,*<br>
*ਨੱਕ ਵਗਦੇ ਅੱਖਾਂ ਚੁੰਨੀਆਂ ਤੇ ਦੰਦ ਕਰੇੜੇ,*<br>
*ਤੂੰ ਮੱਘਦਾ ਰਹੀਂ ਵੇ ਸੂਰਜਾਂ*<br>
*ਕੰਮੀਆਂ ਦੇ ਵਿਹੜੇ।* [14]

ਪੰਜਾਬੀ ਨਾਟਕਾਂ ਵਿੱਚ ਗਾਲ੍ਹਾਂ ਦੀ ਵਰਤੋਂ ਹੋਈ ਮਿਲਦੀ ਹੈ , ਗਾਲ੍ਹਾਂ ਦੀ ਵਰਤੋਂ ਨਾਲ ਨਾਟਕ ਨੂੰ ਪ੍ਰਭਾਵਸ਼ਾਲੀ ਅਤੇ ਰੌਚਕ ਬਣਾਇਆ ਜਾਂਦਾ ਹੈ। ਪੇਂਡੂ ਸਮਾਜ ਵਿੱਚ ਸੁਭਾਵਿਕ ਰੂਪ ਵਿੱਚ ਹੀ ਲੋਕਾਂ ਦੇ ਮੂੰਹ ਚੜੀਆਂ ਹੁੰਦੀਆਂ ਹਨ ਜਿਹਨਾਂ ਦਾ ਕੋਈ ਬੁਰਾ ਨਹੀਂ ਮਨਾਉਂਦਾ , ਕਿਉਕਿ ਇਹ ਸਾਡੇ ਸਭਿਆਚਾਰ ਵਿੱਚ ਰਚਮਿਚ ਗਈਆਂ ਹਨ। ਜਿਵੇਂ:-

*ਬਾਪੂ : ਉਹਦੀ ਖ਼ੁਸ਼ੀ ਲਈ ਤੂੰ ਕੀਤਾ ਵੀ ਕੀ ਏ- ਘਰ ਵੜਦਾ ਨਹੀਂ ਤੇ ਜਦੋਂ ਵੜਦਾ ਏ ਨਾਲ ਉਹ (ਲੁੱਚਿਆਂ ਦੀ ਮੰਡਲੀ ਲਈ ਆਉਣਾ) ਰਾਤ ਦੇਰ ਤੱਕ ਪੀਂਦੇ ਰਹਿੰਦੇ ਹੋ ਤੇ ਬਕੜਵਾਹ ਕਰਦੇ ਰਹਿੰਦੇ ਹੋ---।* [15]

*ਬਾਪੂ ਜੀ : (ਆਪਣੇ ਆਪ ਨਾਲ) ਆਪੇ ਮੈਂ ਸਰਪੰਚ ਬਣਾਂਗਾ ਪਰ ਲੁੱਚਾ ਵੈਲੀ ਇਹ ਸਮਝਦਾ ਏ ਕਿ ਸ਼ਰਾਬ ਵੇਚੋ, ਫ਼ੀਮ ਵੇਚੋ.......।* [16]

*ਸ਼ਿੱਬੂ : ਓਏ ਕੰਜਰਾ---ਤੇਰੀ ਛਿਊਰੀ ਵਰਗੀ ਨਹੀਂ---ਸ਼ਿੱਬੂ ਦੀ ਮੇਜ਼ੋਂ ਏ---*[17]

*ਰੇਸ਼ਮੋਂ : ਚਾਚਾ ਜੇਕਰ ਉਹਨੇ ਮੈਨੂੰ ਝਿੜਕਣਾ ਹੋਵੇ ਤਾਂ ਚੰਗੀ ਭਲੀ ਹੋ ਜਾਂਦੀ ਏ, ਕਵੇਗੀ ਨੀ ਸਿਰ ਸੜੀਏ ਕਿੱਥੇ ਮਰ ਗਈ ਸੈ, ਕਦੋਂ ਦਾ ਰਾਹ ਪਈ ਦੇਖਦੀ ਹਾਂ।* [18]

*ਰਘੂ : ਓਏ ਕੰਜਰਾ ਤੂੰ ਬੋਲਣੋਂ ਬਾਜ ਨਹੀਂ ਆਉਂਦਾ। ਤੈਨੂੰ ਪਤਾ ਏ ਤੂੰ ਕਿਸ ਨਾਲ ਟੱਕਰ ਲੈ ਰਿਹਾ ਏ?*

*ਰਾਜੂ : ਗੱਲ ਤਾਂ ਇਹਦੀ ਹੀ ਸੁਣੀ ਜਾਣੀ ਏ, ਤੁਹਾਡੀ ਥੋੜ੍ਹੀ ਸੁਣੀ ਜਾਣੀ ਏ। ਥਾਣੇ ਤੇ ਦਬਦਬਾ ਹਰ ਲੁੱਚੇ ਬਦਮਾਸ਼ ਦਾ ਹੀ ਹੋ ਸਕਦਾ ਏ।* [19]

ਮਨਬਚਨੀ ਦੀ ਸਥਿਤੀ ਚ ਪਾਤਰ ਆਪਣੇ ਆਪ ਨਾਲ ਇਕੱਲਾ ਹੀ ਸਿਰਫ਼ ਇਹ ਹੀ ਗੱਲਾਂ ਕਰਦਾ ਹੈ। ਇਹ ਗੱਲਾਂ ਨਾਟਕ ਵਿਚਲੇ ਪਾਤਰ ਦੀ ਆਪਣੀ ਅੰਦਰਲੀ ਮਨੋ ਸਥਿਤੀ ਖ਼ੁਸ਼ੀ/ਗ਼ਮੀ, ਰੋਸ/ਵਿਰੋਧ ਜਾਂ ਕਿਸੇ ਦੁਚਿੱਤੀ ਦੇ ਸੰਬੰਧ 'ਚ ਹੋ ਸਕਦੀਆਂ ਹਨ। 'ਕੰਮੀਆਂ ਦਾ ਵਿਹੜਾ' ਨਾਟਕ ਵਿੱਚ ਮਨਬਚਨੀ

ਵਾਰਤਾਲਾਪ ਰੂਪ ਚ ਦਰਸਾਈ ਗਈ ਹੈ। ਜਿਵੇਂ :

*ਜਗੀਰ : ਅੱਛਾ ਬਾਬਾ ਜੀ ਸਤਿ ਸ੍ਰੀ ਅਕਾਲ (ਜਾਂਦਾ ਹੈ ਫੇਰ ਮੁੜਦਾ ਹੈ) ਪਰ ਬਾਬਾ ਜੀ ਇੱਕ ਗੱਲ ਸਾਫ਼ ਏ, ਪੈਸਾ ਜੋ ਮੈਂ ਫੜਿਆ ਏ ਉਹ ਜ਼ਰੂਰ ਵਾਪਸ ਕਰਾਂਗਾ (ਜਾਂਦਾ ਹੈ)* [20]

*ਬਾਪੂ ਜੀ : (ਆਪਣੇ ਆਪ ਨਾਲ) ਅਖੇ ਮੈਂ ਸਰਪੰਚ ਬਣਾਂਗਾ-ਪਰ ਲੁੱਚਾ ਵੈਲੀ ਇਹ ਸਮਝਦਾ ਏ ਕਿ ਸ਼ਰਾਬ ਵੇਚੋ, ਫ਼ੀਮ ਵੇਚੋ, ਪੈਸਾ ਬਣਾਓ, ਲੋਕਾਂ ਦਾ ਈਮਾਨ ਖ਼ਰੀਦੋ, ਸਰਪੰਚ ਬਣ ਜਾਓ ਪ੍ਰਧਾਨ ਬਣ ਜਾਓ-ਗਲ ਵਿੱਚ ਹਾਰ ਪਵਾ ਲਵੋ। ਪਰ ਏਨਾ ਨਹੀਂ ਪਤਾ ਕਿ ਲੋਕਾਂ ਉਨ੍ਹਾਂ ਬਾਰੇ ਕੀ ਮਨਸੂਬੇ ਰੱਖਦੇ ਨੇ।* [21]

'ਸਵੇਰ ਦੀ ਲੋਅ' ਨਾਟਕ ਵਿਚਲਾ ਪਾਤਰ ਵੀ ਆਪਣੇ ਆਪ ਨਾਲ ਗੱਲ ਕਰਦਾ ਹੈ। ਜਿਵੇਂ;-

*ਰਾਜੂ : (ਆਪਣੇ ਆਪ ਨਾਲ) ਬਾਪੂ ਸਾਡਾ ਦੁਖਾਂਤ ਹੀ ਇਹ ਵੇ ਕਿ ਅਸੀਂ ਸਭ ਕੁਝ ਸਮਝਦੇ ਹੋਏ ਵੀ ਦਲਦਲ ਵਿੱਚੋਂ ਨਿਕਲਣ ਦਾ ਕੋਈ ਉਪਰਾਲਾ ਨਹੀਂ ਕਰਦੇ ਸਗੋਂ ਥੱਲੇ ਹੀ ਥੱਲੇ ਧੱਸਦੇ ਜਾਂਦੇ ਹਾਂ। (ਰੇਸ਼ਮੋਂ ਆਉਂਦੀ ਹੈ)*

*ਰਾਜੂ : ਆਹੋ ਬਾਪੂ, ਵੱਡਾ ਅੰਨਦਾਤਾ ਹੈ ਕਿਸੇ ਕੋਲੋਂ ਭੁੱਲਿਆ ਏ ? (ਰਾਜੂ ਜਾਂਦਾ ਹੈ, ਰਘੂ ਗਲਾਸੀ ਵਿੱਚ ਦਾਰੂ ਪਾਉਂਦਾ ਹੈ ਤੇ ਪੀਂਦਾ-ਪੀਂਦਾ ਸੁੱਧ-ਬੁੱਧ ਗਵਾ ਲੈਂਦਾ ਹੈ।* [22]

*ਰਘੂ : ਇਹ ਮੁੰਡਾ ਆਪਣਾ ਬੇਵਕੂਫ਼ ਏ, ਅਖੇ ਬਾਪੂ ਇਹ ਕੰਮ ਨਹੀਂ ਕਰਨਾ, ਜੇ ਇਹ ਨਹੀਂ ਕਰਨਾ ਤਾਂ ਹੋਰ ਕੀ ਕਰਨਾ ਏ। ਆਪਣੀਆਂ ਕੋਈ ਮਿੱਲਾਂ ਚੱਲਦੀਆਂ ਏ, ਜ਼ਮੀਨਾਂ ਤੇ ਟਰੈਕਟਰ ਚਲਦੇ ਨੇ। ਅਖੇ ਨਵਾਂ ਸਮਾਜ------।* [23]

ਕਿਸੇ ਵੀ ਸਮਗਰੀ ਤੋਂ ਬਿਨਾਂ ਮੰਚੀ ਕਾਰਜ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ ਪਰ ਗੁਰਸ਼ਰਨ ਸਿੰਘ ਦੀ ਇਹ ਖ਼ਾਸੀਅਤ ਹੈ ਕਿ ਉਹ ਬੜੀ ਸਸਤੀ, ਸਧਾਰਨ ਅਤੇ ਘੱਟ ਸਮਗਰੀ ਦੀ ਵਰਤੋਂ ਆਪਣੇ ਨਾਟਕ ਵਿੱਚ ਕਰਦਾ ਹੈ। ਜਿਵੇਂ :- *ਕੰਮੀਆਂ ਦਾ ਵਿਹੜਾ ਜਗੀਰ ਸਿੰਘ ਦੇ ਘਰ ਤੋਂ ਸ਼ੁਰੂ ਹੁੰਦਾ ਹੈ।* [24] ਸਟੇਜ ਸੈਟਿੰਗ ਡਾਇਰੈਕਟਰ ਸਾਧਨਾਂ ਅਨੁਸਾਰ ਆਪਣੀ ਲੋੜ ਮੁਤਾਬਕ ਕਰ ਸਕਦਾ ਹੈ। 'ਨਵਾਂ ਜਨਮ' ਨਾਟਕ ਵੀ ਸ਼ਿੱਬੂ ਦੇ ਘਰ ਤੋ ਸ਼ੁਰੂ ਹੁੰਦਾ ਹੈ- *ਸ਼ਿੱਬੂ ਅਤੇ ਪੰਡਤ ਗੱਲਾਂ ਕਰ ਰਹੇ ਹੁੰਦੇ ਹਨ।* [25] 'ਸਵੇਰ ਦੀ ਲੋਅ' ਨਾਟਕ ਵਿੱਚ ਵੀ ਬੜੀ ਸਾਦੀ ਅਤੇ ਨਾਟਕ ਅਨੁਸਾਰ ਬਿਲਕੁਲ ਢੁਕਵੀਂ ਸਮਗਰੀ ਦੀ ਵਰਤੋਂ ਕੀਤੀ ਗਈ ਹੈ। ਜਿਵੇਂ:-

*ਝੁੱਗੀ ਝੌਂਪੜੀ ਦੇ ਇਕ ਘਰ ਦਾ ਬਾਹਰਲਾ ਹਿੱਸਾ। ਨਾਟਕ ਸ਼ੁਰੂ ਹੋਣ ਤੇ ਰਘੂ ਆਪਣੇ ਘਰ ਅੱਗੇ ਇੱਕ ਥੜ੍ਹੇ ਤੇ ਬੈਠਾ ਹੈ। ਤਲੀ ਉੱਤੇ ਤੰਬਾਕੂ ਮਲਣ ਦਾ ਐਕਸ਼ਨ ਕਰਦਾ ਹੈ। ਰੇਸ਼ਮੋਂ ਦੇ ਮੋਢੇ ਤੇ ਵੱਡਾ ਸਾਰਾ ਥੈਲਾ ਹੈ, ਜਿਸ ਤਰ੍ਹਾਂ ਲੀਰਾਂ ਦੀ ਰੱਦੀ ਨਿੱਕ-ਸੁੱਕ ਇਕੱਠਾ ਕਰਨ ਵਾਲੀਆਂ ਕੁੜੀਆਂ ਦੇ ਮੋਢਿਆਂ ਤੇ ਹੁੰਦਾ ਹੈ।* [26]

ਗੁਰਸ਼ਰਨ ਨੇ ਆਪਣੇ ਨਾਟਕਾਂ ਵਿੱਚ ਪੇਂਡੂ ਪਾਤਰਾਂ ਦੀ ਵਰਤੋਂ ਕੀਤੀ ਹੈ। ਨਾਟਕ ਵਿੱਚ ਮਰਦ, ਮਰਦਾਂ ਦਾ ਰੋਲ ਕਰਦੇ ਹਨ ਅਤੇ ਔਰਤਾਂ, ਔਰਤਾਂ ਦਾ ਰੋਲ ਕਰਦੀਆਂ ਹਨ। ਨਾਟਕਾਂ ਵਿੱਚ ਥਾਂ-ਥਾਂ 'ਤੇ ਬੋਲਚਾਲ ਲਈ ਪੇਂਡੂ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਜਿਵੇਂ :- *ਕੰਮੀਆਂ ਦੇ ਵਿਹੜੇ ਚ ਰਸੂਖ਼, ਹਸਾਨ ਲੈਣੇ ਪਏ, ਛੇੜਾਂ ਕਰਦਾ, ਕੁਲਹਿਣੀ ਮੁਸ਼ਟੰਡੇ, ਆਪਣੀ ਰੌਂ; ਕੌਲ, ਸੌਦਾ-ਪੱਤਾ, ਸੂਦ ਸਮੇਤ ਅੱਟੀ ਸੱਟੀ, ਭਸੂੜੀ, ਛਿਊਰੀ, ਬਿਜਤੀ, ਬੁੱਤੀਆਂ ਕਰਨੀਆਂ ਇਸ਼ਕ ਪੇਚਾ, ਵਾਦੀਆਂ, ਬਨਾਰਸੀ ਆੜ੍ਹਤੀਆ, ਦਾਤਰਾ ਆਦਿ।*

ਅੰਤ ਵਿੱਚ ਸਮੁੱਚੇ ਰੂਪ 'ਚ ਕਿਹਾ ਜਾਂ ਸਕਦਾ ਹੈ ਕਿ ਗੁਰਸ਼ਰਨ ਸਿੰਘ ਤੀਸਰੀ ਪੀੜ੍ਹੀ ਦਾ ਪ੍ਰਮੁੱਖ ਨਾਟਕਕਾਰ ਹੈ। ਉਸ ਨੇ ਦਰਜਨਾਂ ਨਾਟਕ ਲਿਖੇ ਹਨ। ਉਹ ਨਾਟਕਾਂ ਦੇ ਵਿਸ਼ੇ 'ਚ ਆਮ ਲੋਕਾਂ ਦੀ ਗੱਲ ਨੂੰ ਉਹ ਪ੍ਰਾਇਮਰੀ ਪੱਧਰ ਤੇ ਰੱਖਦੇ ਹਨ। ਉਸ ਨੇ ਪੰਜਾਬੀ ਨਾਟਕਾਂ ਰਾਹੀਂ ਦੱਬੇ ਕੁਚਲੇ ਲੋਕਾਂ, ਔਰਤਾਂ, ਮਜ਼ਦੂਰਾਂ, ਕਿਸਾਨਾਂ ਆਦਿ ਦੇ ਦਿਮਾਗਾਂ ਨੂੰ ਟੁੰਬਿਆ ਅਤੇ ਜ਼ੁਲਮ ਵਿਰੁੱਧ ਲੜਨ ਲਈ ਤਤਪਰ ਤਿਆਰ ਕੀਤਾ। ਉਸ ਨੇ ਆਪਣੇ ਨਾਟਕਾਂ ਵਿੱਚ ਸਸਤੀ ਅਤੇ ਘੱਟ ਸਮੱਗਰੀ ਦੀ ਵਰਤੋਂ ਨਾਲ ਸਮੇਂ ਅਨੁਸਾਰ ਢੁਕਵੀਆਂ ਤਕਨੀਕਾਂ ਦੀ ਵਰਤੋ ਕੀਤੀ ਹੈ। ਉਸ ਨੇ ਆਪਣੇ ਨਾਟਕ ਦੀਆਂ ਨਾਇਕ/ਨਾਇਕਾਵਾਂ ਨੂੰ ਆਦਰਸ਼ਵਾਦੀ ਢੰਗ ਨਾਲ ਜੇਤੂ ਕਰਾਰ ਦਿੱਤਾ ਹੈ। ਅਜੋਕੇ ਸਮੇਂ ਵਿੱਚ ਦਸਵੀਂ ਦੇ ਸਰਟੀਫਿਕੇਟ 'ਤੇ ਮਾਂ ਦਾ ਨਾਮ ਲਿਖਿਆ ਜਾਣਾ ਅਤੇ ਲੁਧਿਆਣੇ ਵਿੱਚ ਭਗਤ ਸਿੰਘ ਦੇ ਨਾਲ ਰਾਜਗੁਰੂ ਅਤੇ ਸੁਖਦੇਵ ਸਿੰਘ ਦਾ ਬੁੱਤ ਲੱਗਣਾ ਵੀ ਗੁਰਸ਼ਰਨ ਸਿੰਘ ਦੀ ਬਦੌਲਤ ਸੰਭਵ ਹੋਇਆ ਹੈ। ਗੁਰਸ਼ਰਨ ਸਿੰਘ ਨੇ ਵਿਚਾਰ ਅਧੀਨ ਨਾਟਕਾਂ ਵਿੱਚ ਸਾਡੇ ਸਾਹਮਣੇ ਦਲਿਤ ਸਮਾਜ ਦਾ ਜੋ ਚਿੱਤਰ ਪੇਸ਼ ਕੀਤਾ ਹੈ, ਉਹ ਵਰਗ ਵਿੱਦਿਅਕ ਚੇਤਨਾ ਰਾਹੀਂ ਜਾਗਰੂਕ ਹੋ ਚੁੱਕਿਆ ਹੈ ਅਤੇ ਦਲਿਤ ਔਰਤਾਂ ਹੋਣੀ ਨੂੰ ਨਹੀਂ ਕਬੂਲਦੀਆਂ ਹਨ। ਉਹ ਖਲਨਾਇਕ ਧਿਰ ਦਾ ਮਾੜੀ ਤੋਂ ਮਾੜੀ ਸਥਿਤੀ 'ਚ ਵੀ ਡਟ ਕੇ ਮੁਕਾਬਲਾ ਅਤੇ ਅੰਤ ਕਰਦੀਆਂ ਹਨ। ਦਲਿਤ ਵਰਗ ਦੀ ਨਵੀਂ ਪੀੜ੍ਹੀ ਗ਼ਰੀਬੀ, ਬੇਰੁਜ਼ਗਾਰੀ, ਰਾਜਨੀਤਿਕ ਭ੍ਰਿਸ਼ਟਾਚਾਰ ਅਤੇ ਉੱਚ ਵਰਗ ਨਾਲ ਸਿੱਧੀ ਟੱਕਰ ਲੈ ਰਹੀ ਹੈ ਅਤੇ ਪੁਰਾਣੀ ਪੀੜ੍ਹੀ ਨੂੰ ਜਾਗਰੂਕ ਕਰ ਰਹੀ ਹੈ। ਨਾਟਕਕਾਰ ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਤਕਨੀਕਾਂ ਦੀ ਵਰਤੋਂ ਬਾਖ਼ੂਬੀ ਕੀਤੀ ਹੈ। ਅਖਾਣਾਂ, ਮੁਹਾਵਰੇ ਅਤੇ ਪੇਂਡੂ ਭਾਸ਼ਾ ਪਾਠਕਾਂ ਅਤੇ ਦਰਸ਼ਕਾਂ ਦੇ ਦਿਮਾਗਾਂ ਨੂੰ ਕੀਲ ਕੇ ਰੱਖਦੀਆਂ ਹਨ। ਉਸ ਨੇ ਪੁਰਾਣੀ ਪੀੜ੍ਹੀ ਅਤੇ ਨਵੀਨ ਪੀੜ੍ਹੀ ਦੇ ਸੰਘਰਸ਼ ਨੂੰ ਵਿਸ਼ੇ ਅਤੇ ਤਕਨੀਕਾਂ ਪੱਖੋਂ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਤੀਜਾ), ਪੰਨਾ : 31
2. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਪੰਜਵਾਂ), ਪੰਨਾ : 264
3. ਉਹੀ, ਪੰਨਾ :265
4. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਤੀਜਾ), ਪੰਨਾ : 36
5. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਪੰਜਵਾਂ), ਪੰਨਾ : 333
6. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਤੀਜਾ), ਪੰਨਾ : 39
7. ਉਹੀ, ਪੰਨਾ : 41
8. ਉਹੀ, ਪੰਨਾ : 34
9. ਉਹੀ, ਪੰਨਾ : 40
10. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਪੰਜਵਾਂ), ਪੰਨਾ : 262
11. ਉਹੀ, ਪੰਨਾ : 272
12. ਉਹੀ, ਪੰਨਾ : 333
13. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਤੀਜਾ), ਪੰਨਾ : 38
14. ਉਹੀ, ਪੰਨਾ : 35
15. ਉਹੀ, ਪੰਨਾ : 40
16. ਉਹੀ, ਪੰਨਾ : 45
17. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਪੰਜਵਾਂ), ਪੰਨਾ : 260
18. ਉਹੀ, ਪੰਨਾ : 323
19. ਉਹੀ, ਪੰਨਾ : 327
20. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਤੀਜਾ), ਪੰਨਾ : 44
21. ਉਹੀ, ਪੰਨਾ : 45
22. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਪੰਜਵਾਂ), ਪੰਨਾ : 329
23. ਉਹੀ, ਪੰਨਾ : 332
24. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਤੀਜਾ), ਪੰਨਾ : 31
25. ਧਾਲੀਵਾਲ, ਕੇਵਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ (ਭਾਗ-ਪੰਜਵਾਂ), ਪੰਨਾ : 259
26. ਉਹੀ, ਪੰਨਾ : 3